


**ISSN Print:** 2394-7500
**ISSN Online:** 2394-5869
**Impact Factor (RJIF):** 8.4
IJAR 2023; 9(11): 189-195
www.allresearchjournal.com
Received: 02-09-2023
Accepted: 05-10-2023

**ਸੰਦੀਪ ਸਿੰਘ (ਡਾ.)**
ਪੰਜਾਬੀ ਵਿਭਾਗ, ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ

**Corresponding Author:**
**ਸੰਦੀਪ ਸਿੰਘ (ਡਾ.)**
ਪੰਜਾਬੀ ਵਿਭਾਗ, ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ

# ਹੀਰ ਵਾਰਿਸ ਵਿਚ ਸੰਸਥਾਗਤ ਧਰਮ ਦੀ ਪੇਸ਼ਕਾਰੀ

**ਸੰਦੀਪ ਸਿੰਘ (ਡਾ.)**

**DOI:** https://dx.doi.org/10.22271/allresearch.2023.v9.i11c.11370

## ਪ੍ਰਸਤਾਵਨਾ

ਧਰਮ ਕਿਸੇ ਜਨ ਸਮੂਹ ਦੀ ਜੀਵਨ ਜਾਚ ਹੈ। ਮਨੁੱਖਤਾ ਦੇ ਬੌਧਿਕ ਅਤੇ ਸੱਭਿਆਚਾਰਕ ਵਿਕਾਸ ਦੇ ਵੱਖ ਵੱਖ ਪੜਾਵਾਂ ਉਪਰ ਨਾ ਸਮਝੇ ਜਾ ਸਕਣ ਵਾਲੇ ਵਰਤਾਰਿਆਂ ਦਾ ਜਵਾਬ ਲੱਭਣ ਦਾ ਤਰੀਕਾਕਾਰ ਧਰਮ ਹੈ। ਜ਼ਿੰਦਗੀ ਦੇ ਮੂਲ ਸੁਆਲਾਂ (ਜਿਵੇਂ ਜ਼ਿੰਦਗੀ ਅਤੇ ਮੌਤ ਦਾ ਰਹੱਸ ਜੀਵਨ ਦਾ ਉਦੇਸ਼ ਆਦਿ) ਦੇ ਜਵਾਬ ਲੱਭਣ ਵਿਚੋਂ ਹੀ ਧਰਮ ਦਾ ਜਨਮ ਹੋਇਆ। "ਜਿੰਨ੍ਹਾਂ ਲੋਕਾਂ ਨੂੰ ਅਸੀਂ ਵਹਿਮੀ ਮੰਨਦੇ ਹਾਂ ਜਿਹੜੀਆਂ ਰੀਤਾਂ ਨੂੰ ਅਸੀਂ ਵਹਿਮ ਮੰਨਦੇ ਹਾਂ ਉਹ ਅਸਲ ਵਿਚ ਘਟਨਾਵਾਂ ਪਿੱਛੇ ਕਾਰਜ ਕਾਰਨ ਵਿਚੋਂ ਨਿਕਲੇ ਹਨ।"[1] ਜਿਵੇਂ ਮਨੁੱਖ ਕਿਸੇ ਕਾਰਜ ਵਿਚ ਨਾਕਾਮਯਾਬ ਹੋਣ ਪਿੱਛੇ ਉਸ ਦਿਨ ਦੀ ਸ਼ੁਰੂਆਤ ਤੋਂ ਲੈਕੇ ਕਾਰਜ ਲਈ ਰਵਾਨਾ ਹੋਣ ਵੇਲੇ ਦੀਆਂ ਘਟਨਾਵਾਂ ਨੂੰ ਜਿੰਮੇਦਾਰ ਸਮਝਦਾ ਹੋਇਆ ਵਿਸ਼ਲੇਸ਼ਣ ਕਰਨ ਲਗਦਾ ਹੈ ਤੇ ਨਤੀਜੇ ਉੱਤੇ ਪੁੱਜਦਾ ਹੈ ਕਿ ਕਿਸੇ ਨੇ ਛਿੱਕ ਮਾਰੀ ਸੀ ਜਾਂ ਬਿੱਲੀ ਰਾਹ ਕੱਟ ਗਈ ਸੀ। ਇਸ ਤਰਾਂ ਦੀਆਂ ਘਟਨਾਵਾਂ ਹੌਲ਼ੀ ਹੌਲ਼ੀ ਰੂੜ੍ਹੀਆਂ ਬਣਦੀਆਂ ਗਈਆਂ ਇਨ੍ਹਾਂ ਘਟਨਾਵਾਂ ਦੇ ਕਾਰਜ ਕਾਰਨ ਅਤੇ ਉਪਾਅ ਸੋਚੇ ਜਾਣ ਲੱਗੇ ਅਤੇ ਧਰਮ ਦੀ ਨੀਂਹ ਟਿਕਦੀ ਗਈ। ਹੌਲ਼ੀ ਹੌਲ਼ੀ ਧਰਮਾਂ ਦੇ ਨਿਯਮ ਪੱਕੇ ਪੀਡੇ ਹੁੰਦੇ ਗਏ। ਇਸ ਤਰਾਂ ਦੇ ਖਾਸ ਨਿਯਮਾਂ ਵਾਲੇ ਧਰਮ ਲੋਕ ਸਮੂਹ ਦੇ ਸਾਂਝੇ ਵਿਸ਼ਵਾਸਾਂ ਤੋਂ ਵੱਖਰੇ ਅਤੇ ਸਖਤ ਸਨ।[2] ਇਸੇ ਆਧਾਰ ਉਪਰ ਸੰਸਥਾਗਤ ਧਰਮ ਅਤੇ ਲੋਕ ਧਰਮ ਵਿਚ ਨਿਖੇੜਾ ਸਥਾਪਿਤ ਕੀਤਾ ਜਾਂਦਾ ਹੈ। ਲੋਕ ਧਰਮ ਜਿੱਥੇ ਮੋਕਲ਼ੇ ਸੁਭਾਅ ਦਾ ਹੈ ਉਥੇ ਸੰਸਥਾਗਤ/ਵਸ਼ਿਸ਼ਟ ਧਰਮ ਪਾਬੰਦੀਮੁਖ ਜਾਂ ਸੰਕੁਚਿਤ ਸੁਭਾਅ ਦਾ ਹੁੰਦਾ ਹੈ।

ਵਾਰਿਸ ਸ਼ਾਹ ਕਿੱਸਾ ਹੀਰ ਵਿਚ ਥਾਂ ਪੁਰ ਥਾਂ ਵਸ਼ਿਸ਼ਟ ਧਰਮ ਉਪਰ ਚੋਟ ਕਰਦਾ ਹੈ। ਉਹ ਸਮਕਾਲੀ ਧਾਰਮਿਕ ਰਹੁ ਰੀਤਾਂ ਨਾਲ ਸੰਵਾਦ ਹੀ ਨਹੀਂ ਰਚਾਉਂਦਾ ਸਗੋਂ ਤਿੱਖੇ ਕਟਾਕਸ਼ ਵੀ ਕਰਦਾ ਹੈ ਮੱਧਕਾਲ ਵਿਚ ਧਾਰਮਿਕ ਵਿਸ਼ਵਾਸ਼ਾਂ ਨਾਲ ਸੰਵਾਦ ਪੰਜਾਬੀ ਸਾਹਿਤ ਦੀ ਅਹਿਮ ਪ੍ਰਾਪਤੀ ਹੈ। ਭਗਤੀ ਸਾਹਿਤ, ਗੁਰਬਾਣੀ

[1] ਖਹਿਰਾ, ਭੁਪਿੰਦਰ ਸਿੰਘ, ਲੋਕਧਾਰਾ ਭਾਸ਼ਾ ਅਤੇ ਸੱਭਿਆਚਾਰ, ਪੰਨਾ 95

[2] ਜੋਸ਼ੀ. ਡਾ. ਜੀਤ ਸਿੰਘ, ਸੱਭਿਆਚਾਰ ਅਤੇ ਲੋਕਧਾਰਾ ਦੇ ਮੂਲ ਸਰੋਕਾਰ, ਪੰਨਾ, 291

ਅਤੇ ਸੂਫੀ ਕਾਵਿ ਇਸ ਦੀਆਂ ਖਾਸ ਉਦਾਹਰਣਾਂ ਹਨ। ਪਰ ਵਾਰਿਸ ਸ਼ਾਹ ਰੋਮਾਂਟਿਕ ਕਥਾ ਦਾ ਬਿਆਨ ਕਰਦਿਆਂ ਵੀ ਜਿਸ ਤਰਾਂ ਪੰਜਾਬ ਦੀ ਸਮਕਾਲੀ ਧਾਰਮਿਕ ਸਥਿਤੀ ਨੂੰ ਬਿਆਨ ਕਰਦਾ ਹੈ ਇਹ ਸਮਝਣਾ ਇਸ ਖੋਜ ਪੱਤਰ ਦਾ ਕੇਂਦਰੀ ਨੁਕਤਾ ਰਹੇਗਾ।

ਵਾਰਿਸ ਸ਼ਾਹ ਆਪਣੀ ਸ਼ਾਹਕਾਰ ਰਚਨਾ ਨੂੰ ਲੱਗਭੱਗ 1766 ਈ. ਵਿਚ ਪੂਰੀ ਕਰਦਾ ਹੈ। ਵਿਦਵਾਨਾਂ ਵਿਚ ਇਸ ਦੇ ਸਹੀ ਸਮੇਂ ਨੂੰ ਲੈਕੇ ਕੁਝ ਮਤਭੇਦ ਹਨ ਪ੍ਰੰਤੂ ਕਿੱਸੇ ਦੇ ਅੰਦਰੂਨੀ ਹਵਲੇ "ਸਨ ਯਾਰਾਂ ਸੈਂ ਅੱਸੀਆਂ ਨਬੀ ਹਿਜਰਤ, ਲੰਮੇ ਦੇਸ ਦੇ ਵਿਚ ਤਿਆਰ ਹੋਈ"[3] ਤੋਂ ਸਪੱਸ਼ਟ ਹੈ। ਕਿਉਂ ਕਿ 1180 ਹਿਜਰੀ ਦਾ ਈਸਵੀ ਸਮਾਂ 1766 ਬਣਦਾ ਹੈ।[4] ਸਤਾਰਵੀਂ ਸਦੀ ਤੱਕ ਪੁੱਜਦਿਆਂ ਪੰਜਾਬ ਵਿਚ ਤਿੰਨ ਧਰਮ ਲੋਕਾਈ ਦੀ ਆਸਥਾ ਦੇ ਕੇਂਦਰ ਹਨ, ਨਾਥ ਪ੍ਰੰਪਰਾ, ਇਸਲਾਮ ਅਤੇ ਸਿੱਖ ਧਰਮ। ਪੰਜਾਬ ਦੀ ਵਿਸ਼ੇਸ਼ਤਾ ਰਹੀ ਹੈ ਕਿ ਪੰਜਾਬ ਵਿਚ ਕਿਸੇ ਵੀ ਸਮੇਂ ਬਹੁਗਿਣਤੀ ਧਾਰਮਿਕ ਕੱਟੜਤਾ ਤੋਂ ਬਚੀ ਰਹੀ ਹੈ। ਪੁਰਾਤਨ ਸਭਿਆਤਾਵਾਂ ਦੇ ਹਵਾਲਿਆਂ ਅਤੇ ਭੁਗੋਲਿਕ ਵਿਸ਼ੇਸ਼ਤਾਵਾਂ ਦੇ ਅਧਿਐਨ ਤੋਂ ਇਹ ਸਾਬਿਤ ਹੋ ਚੁੱਕਾ ਹੈ ਕਿ ਪੰਜਾਬ ਦੀ ਧਰਤੀ ਉਹਨਾਂ ਕੁਝ ਚੋਣਵੇਂ ਖਿਤਿਆਂ ਵਿਚੋਂ ਇਕ ਹੈ ਜਿੱਥੇ ਮਸਨੂਈ ਸਾਧਨਾਂ ਦੀ ਅਣਹੋਂਦ ਵਿਚ ਵੀ ਜੀਵਨ ਸਹਿਜਤਾ ਨਾਲ ਸੰਭਵ ਹੈ। ਇਸੇ ਕਰਕੇ ਇਸ ਖਿੱਤੇ ਨੇ ਵੱਖ ਵੱਖ ਮਨੁੱਖੀ ਸਮੂਹਾਂ ਨੂੰ ਆਪਣੇ ਵੱਲ ਆਕਰਸ਼ਿਤ ਕੀਤਾ। ਨਤੀਜੇ ਵਜੋਂ ਪੰਜਾਬ ਵੱਖ ਸੱਭਿਆਤਾਵਾਂ ਦੇ ਭੇੜ ਦਾ ਕੇਂਦਰ ਬਣਿਆ ਰਿਹਾ ਤੇ ਇੱਥੋ ਬਹੁਸੱਭਿਆਚਾਰਵਾਦ ਦੇ ਨਾਲ ਨਾਲ ਬਹੁ ਧਰਮ ਲਈ ਵੀ ਥਾਂ ਬਣੀ ਰਹੀ। ਇਹ ਵੀ ਨਹੀਂ ਹੈ ਕਿ ਧਾਰਮਿਕ ਕੱਟੜਤਾ ਬਿਲਕੁਲ ਨਹੀਂ ਪਣਪੀ, ਪਰ ਇਹ ਵੀ ਸੱਚ ਹੈ ਕਿ ਇਹ ਕੱਟੜਤਾ ਬਹੁਗਿਣਤੀ ਉਪਰ ਅਸਰ ਨਹੀਂ ਪਾ ਸਕੀ।

ਹੀਰ ਵਾਰਿਸ ਸ਼ਾਹ ਵੀ ਬਾਕੀ ਮੱਧਕਾਲੀ ਪੰਜਾਬੀ ਸਾਹਿਤ ਦੀ ਪ੍ਰਮੁਖ ਸੁਰ ਵਾਂਗ ਰੱਬ ਦੇ ਨਾਂ ਧਿਆਉਣ ਤੋਂ ਸ਼ੁਰੂ ਹੁੰਦੀ ਹੈ। ਇਹ ਸਮਾਂ ਪੰਜਾਬ ਵਿਚ ਸਿਧਾਂਤਾਂ ਦੇ ਭੇੜ ਦਾ ਸਮਾਂ ਹੈ। ਇਸ ਦੌਰ ਵਿਚ ਪੰਜਾਬ ਦੀ ਸੱਭਿਆਚਾਰਕ ਪਛਾਣ ਘੜੀ ਜਾ ਰਹੀ ਸੀ। ਜਿੱਥੇ ਇਕ ਪਾਸੇ ਸਿੱਖ ਧਰਮ ਆਪਣੀ ਸੰਸਥਾਗਤ ਹੋਂਦ/ਪਛਾਣ ਦੇ ਰਾਹ ਪਿਆ ਸੀ ਉੱਥੇ ਇਸਲਾਮਕ ਕੱਟੜਤਾ ਵਾਲਾ ਮੁਗਲ ਸਾਸ਼ਨ ਹਾਰ ਦੇ ਰਾਹ ਪੈ ਚੁੱਕਾ ਸੀ। ਪਰ ਇਸ ਦੇ ਸਮਵਿਥ ਸੂਫੀ ਪ੍ਰੰਪਰਾ ਰਾਹੀਂ ਮੋਕਲੇ ਸੁਭਾਅ ਦੀ ਇਸਲਾਮਕ ਪਛਾਣ ਪੰਜਾਬ ਦਾ ਹਿੱਸਾ ਬਣ ਰਹੀ ਸੀ। ਇਹੋ ਉਹ ਸਮਾਂ ਹੈ ਜਦੋਂ ਪੰਜਾਬ ਦੀ ਰਹਿਤਲ ਉਪਰ ਵੱਡਾ ਅਸਰ ਰੱਖਣ ਵਾਲੀ ਨਾਥ ਪ੍ਰੰਪਰਾ ਆਪਣੀ ਹੋਂਦ ਲਈ ਜੂਝ ਰਹੀ ਸੀ। ਰਾਜਨੀਤਿਕ ਤੌਰ 'ਤੇ ਅਸਥਾਪਤੀ ਦੇ ਇਸ ਦੌਰ ਦਰਮਿਆਨ ਰਚੀ ਗਈ ਹੀਰ ਵਿਚ ਰੱਬ ਅਤੇ ਧਰਮਾਂ ਦੇ ਹਵਾਲੇ ਭਰੇ ਪਏ ਹਨ। ਸੰਸਥਾਗਤ ਧਰਮਾਂ ਦੀਆਂ ਮਾਨਤਾਵਾਂ ਤੋਂ ਲੈਕੇ ਕਰਾਮਾਤਾਂ ਅਤੇ ਮਿੱਥਕ ਪਾਤਰਾਂ ਦਾ ਵਖਿਆਨ ਹੀਰ ਵਾਰਿਸ ਦੇ ਪਾਠ ਵਿਚ ਭਰਪੂਰ ਮਾਤਰਾ ਵਿਚ ਮਿਲਦਾ ਹੈ। ਵਾਰਿਸ ਸ਼ਾਹ ਪਾਠ ਦੇ ਨਾਇਕਾਂ ਹੀਰ ਅਤੇ ਰਾਂਝੇ ਰਾਹੀਂ ਵੱਖ ਵੱਖ ਧਰਮਾਂ ਦੇ ਨੁਮਾਇੰਦਿਆਂ ਨਾਲ ਸੰਵਾਦ ਰਚਾਉਂਦਾ ਹੈ। ਉਸ ਦੀ ਮੁਖ ਸੁਰ ਧਰਮ ਦੇ ਚਿੰਨ੍ਹ ਪ੍ਰਬੰਧ ਉਪਰ ਕਰੜੀ ਚੋਟ ਲਾਉਣ ਦੀ ਹੈ।

ਹੀਰ ਵਾਰਿਸ ਸ਼ਾਹ ਵਿਚ ਹੀਰ ਅਤੇ ਰਾਂਝਾ ਹਰੇਕ ਮੌਕੇ 'ਤੇ ਸੰਵਾਦ ਵਿਚ ਪੈਂਦੇ ਹਨ। ਪ੍ਰੰਤੂ ਧਰਮ ਦੇ ਹਵਾਲੇ ਨਾਲ ਖਾਸ ਤੌਰ 'ਤੇ ਘਰੋਂ ਨਿਕਲਣ ਤੋਂ ਬਾਅਦ ਰਾਂਝੇ ਦਾ ਰਸਤੇ ਵਿਚ ਮਸੀਤ ਵਿਚ ਰਾਤ ਕੱਟਣ ਵੇਲੇ ਕਾਜ਼ੀ ਨਾਲ ਸੰਵਾਦ, ਹੀਰ ਦਾ ਵਿਆਹ ਸਮੇਂ ਕਾਜ਼ੀ ਨਾਲ ਸੰਵਾਦ, ਰਾਂਝੇ ਦਾ ਜੋਗ ਲੈਣ ਵੇਲੇ ਬਾਲਨਾਥ ਨਾਲ ਸੰਵਾਦ, ਸਹਿਤੀ ਦਾ ਜੋਗੀ ਹੋਏ ਰਾਂਝੇ ਨਾਲ ਨਾਥ ਪ੍ਰੰਪਰਾ ਬਾਰੇ ਸੰਵਾਦ, ਰਾਜੇ ਦੇ ਦਰਬਾਰ ਵਿਚ ਹੀਰ ਦਾ ਫੈਸਲਾ ਲੈਣ ਵੇਲੇ ਕਾਜ਼ੀਆਂ ਨਾਲ ਸੰਵਾਦ ਅਤੇ ਵਾਰਿਸ ਸ਼ਾਹ ਵੱਲੋਂ ਅੰਤਿਕਾ ਵਿਚ ਦਿੱਤੇ ਬਿਰਤਾਂਤ ਖਾਸ ਤੌਰ ਉਪਰ ਗੌਲਣਯੋਗ ਹਨ।

ਹੀਰ ਵਾਰਿਸ ਸ਼ਾਹ ਦਾ ਪਾਠ "ਅਵਲ ਹਮਦ ਖੁਦਾਇ ਦਾ ਵਿਰਦੁ ਕੀਚੈ" ਤੋਂ ਸ਼ੁਰੂ ਹੁੰਦੀ ਹੈ ਜਿਸ ਤੋਂ ਭਾਵ ਰੱਬ ਨੇ ਸੰਸਾਰ ਨੂੰ ਇਸ਼ਕ ਵਿਚੋਂ ਹੀ ਪੈਦਾ ਕੀਤਾ ਹੈ। ਮੁਢਲੇ ਬੰਦਾਂ ਵਿਚ ਰੱਬ ਤੋਂ ਬਾਅਦ ਰਸੂਲ (ਮੁਹੰਦ ਹਜ਼ਰਤ) ਅਤੇ ਉਸਦੇ ਚਾਰੇ ਸਾਥੀਆਂ (ਅਬੂ ਬਕਰ, ਉਮਰ, ਉਸਮਾਨ ਅਤੇ ਅਲੀ) ਦੀ ਤਾਰੀਫ ਸ਼ਾਮਿਲ ਹੈ। ਜਿਸ ਤੋਂ ਸਪੱਸ਼ਟ ਹੈ ਕਿ ਵਾਰਿਸ ਸ਼ਾਹ ਨੂੰ ਇਸਲਾਮ ਨਾਲ ਕੋਈ ਸਮੱਸਿਆ ਨਹੀਂ ਹੈ। ਇਸਲਾਮ ਦੇ ਸੰਸਥਾਪਕ ਉਸ ਲਈ ਅਤਿ ਸਤਿਕਾਰ ਦੇ ਪਾਤਰ ਹਨ। ਉਹਨਾਂ ਨੂੰ ਉਹ ਅੱਲਾ ਦੇ ਭੇਜੇ ਬੰਦੇ ਤਸਲੀਮ ਕਰਦਾ ਹੈ।

ਅੱਵਲ ਹਮਦ ਖ਼ੁਦਾਇ ਦਾ ਵਿਰਦ ਕੀਜੇ, ਇਸ਼ਕ ਕੀਤਾ ਸੂ ਜੱਗ ਦਾ ਮੂਲ ਮੀਆਂ।
ਪਹਿਲੇ ਆਪ ਹੈ ਰਬ ਨੇ ਇਸ਼ਕ ਕੀਤਾ, ਮਾਸ਼ੂਕ ਹੈ ਨਬੀ ਰਸੂਲ ਮੀਆਂ।
ਇਸ਼ਕ ਪੀਰ ਫ਼ਕੀਰ ਦਾ ਮਰਤਬਾ ਹੈ, ਮਰਦ ਇਸ਼ਕ ਦਾ ਭਲਾ ਰੰਜੂਲ ਮੀਆਂ।
ਖਿਲੇ ਤਿਨ੍ਹਾਂ ਦੇ ਬਾਗ਼ ਕਲੂਬ ਅੰਦਰ, ਜਿਨ੍ਹਾਂ ਕੀਤਾ ਹੈ ਇਸ਼ਕ ਕਬੂਲ ਮੀਆਂ।
ਦੂਈ ਨਾਅਤ ਰਸੂਲ ਮਕਬੂਲ ਵਾਲੀ, ਜੈਂਦੇ ਹੱਕ ਨਜ਼ੂਲ ਲੌਲਾਕ ਕੀਤਾ।
ਖ਼ਾਕੀ ਆਖ ਕੇ ਮਰਤਬਾ ਵਡਾ ਦਿੱਤਾ, ਸਭ ਖ਼ਲਕ ਦੇ ਐਬ ਥੀਂ ਪਾਕ ਕੀਤਾ।
ਸਰਵਰ ਹੋਇਕੇ ਔਲੀਆਂ ਅੰਬੀਆਂ ਦਾ, ਅੱਗੇ ਹੱਕ ਦੇ ਆਪ ਨੂੰ ਖ਼ਾਕ ਕੀਤਾ।
ਕਰੇ ਉੱਮਤੀ ਉੱਮਤੀ ਰੋਜ਼ ਕਿਆਮਤ, ਖੁਸ਼ੀ ਛੱਡ ਕੇ ਜੀਉ ਗ਼ਮਨਾਕ ਕੀਤਾ।
ਚਾਰੇ ਯਾਰ ਰਸੂਲ ਦੇ ਚਾਰ ਗੌਹਰ, ਸੱਭੇ ਇੱਕ ਥੀਂ ਇੱਕ ਚੜ੍ਹੰਦੜੇ ਨੇ।
ਅਬੂ ਬਕਰ ਤੇ ਉਮਰ, ਉਸਮਾਨ, ਅਲੀ, ਆਪੋ ਆਪਣੇ ਗੁਣੀਂ ਸੋਹੰਦੜੇ ਨੇ।
ਜਿਨ੍ਹਾਂ ਸਿਦਕ ਯਕੀਨ ਤਹਿਕੀਕ ਕੀਤਾ, ਰਾਹ ਰਬ ਦੇ ਸੀਸ ਵਿਕੰਦੜੇ ਨੇ।
ਜ਼ੌਕ ਛੱਡ ਕੇ ਜਿਨਾਂ ਨੇ ਜ਼ੁਹਦ ਕੀਤਾ, ਵਾਹ ਵਾਹ ਉਹ ਰੱਬ ਦੇ ਬੰਦੜੇ ਨੇ।[5]

ਪ੍ਰੰਤੂ ਮੌਕੇ ਦੇ ਧਾਰਮਿਕ ਨੁਮਾਇੰਦਿਆਂ ਦਾ ਜ਼ਿਕਰ ਆਉਂਦਿਆਂ ਹੀ ਵਾਰਿਸ ਦਾ ਪ੍ਰਤੱਖਣ ਬਦਲ ਜਾਂਦਾ ਹੈ। ਉਹ ਉਹਨਾਂ ਨੂੰ ਕਟਹਿਰੇ ਵਿਚ ਖੜੇ ਕਰਦਾ ਹੈ। ਜਦੋਂ ਰਾਂਝਾ ਭਰਾ ਭਰਜਾਈਆਂ ਨਾਲ ਲੜ ਕੇ ਘਰ ਛੱਡ ਕੇ ਚਲਾ ਜਾਂਦਾ ਹੈ ਤਾਂ ਰਸਤੇ ਵਿਚ ਪਹਿਲੀ ਰਾਤ ਇਕ ਮਸੀਤ

[3] ਹੀਰ ਵਾਰਿਸ ਸ਼ਾਹ, ਬੰਦ 624
[4] www.hiricalenars.com/hijri/1180

[5] ਹੀਰ ਵਾਰਿਸ ਸ਼ਾਹ ਬੰਦ 1, 2 ਅਤੇ 3

ਵਿਚ ਕੱਟਦਾ ਹੈ। ਮਸੀਤ ਵਿਚ ਓਰਾਮ ਕਰ ਰਹੇ ਰਾਂਝੇ ਨਾਲ ਕਾਜ਼ੀ ਦਾ ਝਗੜਾ ਹੁੰਦਾ ਹੈ। ਗੌਲਣਯੋਗ ਨੁਕਤਾ ਇਹ ਹੈ ਕਿ ਵਾਰਿਸ ਸ਼ਾਹ ਕਾਜ਼ੀ ਦੇ ਕਿਸੇ ਵੀ ਤਰਾਂ ਦੇ ਮਾੜੇ ਵਿਵਹਾਰ ਤੋਂ ਪਹਿਲਾਂ ਹੀ ਉਸ ਨੂੰ 'ਝਗੜਿਆਂ ਦੀ ਪੰਡ' ਆਖ ਕੇ ਸੰਬੋਧਿਤ ਹੁੰਦਾ ਹੈ:-

ਵਾਹ ਲਾਇ ਰਹੇ ਭਾਈ ਭਾਬੀਆਂ ਭੀ, ਰਾਂਝਾ ਰੁਠ ਹਜ਼ਾਰਿਉਂ ਧਾਇਆ ਏ।
ਭੁਖ ਨੰਗ ਨੂੰ ਝਾਗ ਕੇ ਪੰਧ ਕਰਕੇ, ਰਾਤੀਂ ਵਿੱਚ ਮਸੀਤ ਦੇ ਆਇਆ ਏ।
ਹਥ ਵੰਝਲੀ ਪਕੜ ਕੇ ਰਾਤ ਅੱਧੀ, ਰਾਂਝੇ ਮਜ਼ਾ ਭੀ ਖ਼ੂਬ ਬਣਾਇਆ ਏ।
ਰੰਨ ਮਰਦ ਨਾ ਪਿੰਡ ਵਿੱਚ ਰਹਿਆ ਕੋਈ, ਸਭਾ ਗਿਰਦ ਮਸੀਤ ਦੇ ਆਇਆ ਏ।
ਵਾਰਿਸ ਸ਼ਾਹ ਮੀਆਂ ਪੰਡ ਝਗੜਿਆਂ ਦੀ, ਪਿੱਛੋਂ ਮੁੱਲਾਂ ਮਸੀਤ ਦਾ ਆਇਆ ਏ।[6]

ਇਥੇ ਹੀ ਵਾਰਿਸ ਸ਼ਾਹ ਦੀ ਦ੍ਰਿਸ਼ਟੀ ਸਪੱਸ਼ਟ ਹੁੰਦੀ ਪ੍ਰਤੀ ਹੁੰਦੀ ਹੈ। ਕਿਉਂਕਿ ਅਗਲੇ ਬੰਦਾਂ ਵਿਚ ਵਾਰਿਸ ਸ਼ਾਹ ਮਸਜ਼ਿਦ ਦੀ ਤਾਰੀਫ ਕਰਦਾ ਹੈ। ਮਸੀਤ ਦੇ ਆਰਕੀਟੈਕਟ ਤੋਂ ਇਲਾਵਾ ਉਥੇ ਪੜ੍ਹਦੇ ਵਿਦਿਆਰਥੀਆਂ ਦੇ ਸਿੱਖਣ ਦੀ ਤਫਸੀਲ ਦਿੰਦਾ ਹੈ। ਪਰ ਕਾਜ਼ੀ ਨੂੰ ਸੰਬੋਧਿਤ ਹੁੰਦਿਆਂ ਹੀ ਉਸਦੀ ਭਾਸ਼ਾ ਬਦਲ ਜਾਂਦੀ ਹੈ। ਵਾਰਿਸ ਸ਼ਾਹ ਦੀ ਵਿਸ਼ੇਸ਼ਤਾ ਹੈ ਕਿ ਕਿਸੇ ਸੰਵਾਦ ਸਮੇਂ ਇਕਪਾਸੜ ਹੁੰਦਾ ਪ੍ਰਤੀਤ ਨਹੀਂ ਹੁੰਦਾ। ਕਾਜ਼ੀ ਬਾਰੇ ਪੂਰਵ ਨਿਰਧਾਰਤ ਨਜ਼ਰੀਏ ਦੇ ਬਾਵਜੂਦ ਉਹ ਕਾਜ਼ੀ ਦੇ ਪੱਖ ਨੂੰ ਪੂਰੇ ਤਰਕ ਨਾਲ ਪੇਸ਼ ਕਰਦਾ ਹੈ। ਕਾਜ਼ੀ ਦਾ ਮੂਲ ਤਰਕ ਸ਼ਰ੍ਹਾ ਅਤੇ ਗੈਰਸ਼ਰ੍ਹਾ ਵਿਚ ਵਖਰੇਵਾਂ ਹੈ। ਕਾਜ਼ੀ ਦੇ ਹਵਾਲੇ ਨਾਲ ਵਾਰਿਸ ਆਖਦਾ ਹੇ:-

ਮੁੱਲਾਂ ਆਖਿਆ ਚੂੰਡਿਆਂ ਦੇਖਦਿਆਂ ਈ ਗ਼ੈਰ ਸ਼ਰ੍ਹਾ ਤੂੰ ਕੌਣ ਹੈਂ ਦੂਰ ਹੋ ਓਏ।
ਏਥੇ ਲੁਚਿਆਂ ਦੀ ਕਾਈ ਜਾ ਨਾਹੀਂ ,ਪਟੇ ਦੂਰ ਕਰ ਹੱਕ ਮਨਜ਼ੂਰ ਹੋ ਓਏ।
ਘਰ ਰਬ ਦੇ ਮਸਜਿਦਾਂ ਹੁੰਦੀਆਂ ਨੇ, ਏਥੇ ਗ਼ੈਰ ਸ਼ਰ੍ਹਾ ਨਾਹੀਂ ਵਾੜੀਏ ਓਏ।
ਕੁੱਤਾ ਅਤੇ ਫ਼ਕੀਰ ਪਲੀਤ ਹੋਵੇ, ਨਾਲ ਦੁੱਰਿਆਂ ਬੰਨ੍ਹ ਕੇ ਮਾਰੀਏ ਓਏ।
ਜਿਹੜਾ ਫ਼ਿਕਾ ਅਸੂਲ ਦਾ ਨਹੀਂ ਵਾਕਿਫ਼, ਉਹਨੂੰ ਤੁਰਤ ਸੂਲੀ ਉੱਤੇ ਚਾੜ੍ਹੀਏ ਓਏ।
ਵਾਰਿਸ ਸ਼ਾਹ ਖ਼ੁਦਾ ਦਿਆਂ ਦੁਸ਼ਮਣਾਂ ਨੂੰ, ਦੂਰੋਂ ਕੁੱਤਿਆਂ ਵਾਂਗ ਦੁਰਕਾਰੀਏ ਓਏ।[7]

ਰਾਂਝੇ ਦਾ ਤਰਕ ਸਿਧਾਂਤ ਅਤੇ ਅਮਲ ਦੇ ਨਿਖੇੜੇ ਉਪਰ ਖੜ੍ਹਾ ਹੈ। ਰਾਂਝੇ ਰਾਹੀਂ ਵਾਰਿਸ ਸ਼ਾਹ ਇਸ ਨੁਕਤੇ ਉਪਰ ਫੋਕਸ ਕਰਦਾ ਹੈ ਕਿ ਸੰਸਥਾਗਤ ਧਰਮ ਦੇ ਚਿੰਨ੍ਹ ਕਿਵੇਂ ਅਮਲ ਵੇਲੇ ਸਿਰਫ ਦਿਖਾਵਾ ਰਹਿ ਜਾਂਦੇ ਹਨ।

ਦਾੜ੍ਹੀ ਸ਼ੇਖ਼ ਦੀ ਅਮਲ ਸ਼ੈਤਾਨ ਵਾਲੇ, ਕੇਹਾ ਰਾਣਿਓ ਜਾਂਦਿਆਂ ਰਾਹੀਆਂ ਨੂੰ।
ਅੱਗੇ ਕਢ ਕੁਰਾਨ ਤੇ ਬਹੇ ਮਿੰਬਰ ,ਕੇਹਾ ਅੜਿਓ ਮਕਰ ਦੀਆਂ ਫਾਹੀਆਂ ਨੂੰ।
ਏਹ ਪਲੀਤ ਤੇ ਪਾਕ ਦਾ ਕਰੋ ਵਾਕਿਫ਼, ਅਸੀਂ ਜਾਣੀਏਂ ਸ਼ਰ੍ਹਾ ਗਵਾਹੀਆਂ ਨੂੰ।
ਵਾਰਿਸ ਸ਼ਾਹ ਵਿੱਚ ਹੁਜਰਿਆਂ ਫ਼ਿਅਲ ਕਰਦੇ, ਮੁੱਲਾ ਜੋਤਰੇ ਲਾਂਵਦੇ ਵਾਹੀਆ ਨੂੰ।
ਸਾਨੂੰ ਦੱਸ ਨਮਾਜ਼ ਹੈ ਕਾਸਦੀ ਜੀ, ਕਾਸ ਨਾਲ ਬਣਾਇ ਕੇ ਸਾਰੀਆ ਨੇ।
ਕੰਨ ਨਕ ਨਮਾਜ਼ ਦੇ ਹੈਣ ਕਿਤਨੇ, ਮੱਥੇ ਕਿਨ੍ਹਾਂ ਦੇ ਧੁਰੋਂ ਇਹ ਮਾਰੀਆ ਨੇ।[8]

ਸ਼ੇਖ ਅਤੇ ਸ਼ੈਤਾਨ ਦਾ ਫਰਕ ਬਾਹਰੀ ਚਿੰਨ੍ਹਾ ਰਾਹੀਂ ਕਰਨਾ ਮੁਸ਼ਕਿਲ ਹੈ। ਵਾਰਿਸ ਸ਼ਾਹ ਸ਼ਰ੍ਹਾ ਦੇ ਬਾਬਤ ਸਵਾਲ ਖੜ੍ਹੇ ਕਰਦਾ ਜਾਪਦਾ ਹੈ। ਉਸਦੇ ਸਵਾਲ ਅਹਿਮ ਵੀ ਹਨ ਕਿ ਦਾੜ੍ਹੀ ਦਾ ਕੀ ਮਤਲਬ ਹੈ? ਨਮਾਜ਼ ਤੋਂ ਕੀ ਭਾਵ ਹੈ? ਕਾਜ਼ੀ ਰਾਹੀਂ ਉਹ ਇਸਦੇ ਜਵਾਬ ਵੀ ਦਿੰਦਾ ਹੈ। ਕਾਜ਼ੀ ਲਈ ਸ਼ਰ੍ਹਾ ਅੱਵਲ ਹੈ।
ਪ੍ਰੰਤੂ ਰਾਂਝੇ ਰਾਹੀਂ ਉਹ ਧਰਮ ਦੀ ਪ੍ਰੈਕਟਿਸ ਨੂੰ ਪੇਸ਼ ਕਰਦਾ ਕਾਜ਼ੀਆਂ ਦੇ ਅਨੈਤਿਕ ਕੰਮਾਂ ਦੀ ਤਫਸੀਲ ਦੇਣ ਲੱਗਦਾ ਹੈ। ਇਹ ਹੀ ਮਹੱਤਵਪੂਰਨ ਨੁਕਤਾ ਹੈ ਕਿ ਵਾਰਿਸ ਸ਼ਾਹ ਧਰਮ ਦੀ ਪ੍ਰੈਕਟਿਸ ਉਪਰ ਕਿੰਤੂ ਕਰਦਾ ਹੈ ਪੂਰੇ ਧਰਮ ਉਪਰ ਨਹੀਂ। ਇਸਲਾਮ ਉਸ ਲਈ ਪੂਰੀ ਤਰਾਂ ਪਵਿੱਤਰ ਹੈ ਬੱਸ ਸਮੱਸਿਆ ਪੂਜਕਾਂ ਵਿਚ ਹੈ।
ਇਸਲਾਮ ਦੀ ਸ਼ੁਰੂਆਤ ਵਿਚ ਇਸ ਦੀ ਮਾਨਤਾ ਸਬੰਧੀ ਕੁਝ ਨਿਯਮ ਬਣ ਗਏ ਜਿਸਨੂੰ ਅਸੀਂ ਸ਼ਰੀਅਤ ਦੇ ਨਾਂ ਨਾਲ ਜਾਣਦੇ ਹਾਂ। "ਸ਼ਰੀਅਤ ਵਿੱਚ ਅਪਰਾਧ, ਰਾਜਨੀਤੀ, ਵਿਆਹ ਇਕਰਾਰਨਾਮੇ, ਵਪਾਰ ਨਿਯਮ, ਧਰਮ ਦੇ ਨੁਸਖੇ, ਅਤੇ ਅਰਥਸ਼ਾਸਤਰ, ਦੇ ਨਾਲ ਨਾਲ ਜਿਨਸੀ ਸੰਬੰਧ, ਸਫਾਈ, ਖ਼ੁਰਾਕ, ਪ੍ਰਾਰਥਨਾ ਕਰਨ, ਰੋਜ਼ਾਨਾ ਸਲੀਕਾ ਅਤੇ ਵਰਤ ਵਰਗੇ ਨਿੱਜੀ ਮਾਮਲੇ ਵੀ ਸ਼ਾਮਿਲ ਹਨ।"[9] ਸ਼ਰੀਅਤ ਦੀ ਪ੍ਰਮਾਣਿਕਤਾ ਦੇ ਦੋ ਹੀ ਪ੍ਰਮੁਖ ਸ੍ਰੋਤ ਹਨ, ਕੁਰਆਨ ਅਤੇ ਹਦੀਸ। ਵਾਰਿਸ ਸ਼ਾਹ ਆਪਣੇ ਕਿੱਸਾ ਹੀਰ ਵਿਚ ਕਾਜ਼ੀ ਰਾਹੀਂ ਇਸਲਾਮਿਕ ਹਵਾਲਿਆਂ ਨਾਲ ਸ਼ਰੀਅਤ ਨੂੰ ਜਾਇਜ ਠਹਿਰਾਉਂਦਾ ਹੈ ਅਤੇ ਹੀਰ ਅਤੇ ਰਾਂਝੇ ਰਾਹੀਂ ਇਸਨੂੰ ਚੁਣੌਤੀ ਦਿੰਦਾ ਹੈ। ਇਸ ਸੰਵਾਦ ਵਿਚ ਅਕਸਰ ਵਾਰਿਸ ਸ਼ਾਹ ਨਿਰਲੇਪ ਦਿਖਣ ਦੀ ਕੋਸ਼ਿਸ਼ ਕਰਦਾ ਹੈ। ਹੀਰ ਵਾਰਿਸ ਸ਼ਾਹ ਦੇ ਬਹੁਤ ਹਵਾਲਿਆਂ ਤੋਂ ਪਤਾ ਲਗਦਾ ਹੈ ਕਿ ਕਾਜ਼ੀ ਸਮਾਜਕ ਸੰਸਥਾ ਵਿਚ ਬਹੁਤ ਸ਼ਕਤੀਸ਼ਾਲੀ ਹੈ। ਜਦੋਂ ਹੀਰ ਰਾਂਝੇ ਦੇ ਇਸ਼ਕ ਦੀ ਖਬਰ ਮਿਲਦੀ ਹੈ ਤਾਂ ਮਾਪੇ ਕਾਜ਼ੀ ਨੂੰ ਨੂੰ ਬੁਲਾਉਂਦੇ ਹਨ। ਇਹ ਇਕ ਤਰਾਂ ਆਪਣੀ ਧੀ ਦੀ ਕਾਜ਼ੀ ਕੋਲ ਸ਼ਿਕਾਇਤ ਹੈ। ਕਾਜ਼ੀ ਹੀਰ ਨੂੰ ਸੰਬੋਧਿਤ ਹੁੰਦਾ ਆਖਦਾ ਹੈ:-

[6] ਹੀਰ ਵਾਰਿਸ ਸ਼ਾਹ ਬੰਦ 32
[7] ਹੀਰ ਵਾਰਿ ਸ਼ਾਹ ਬੰਦ 36 ਉਤੇ 38
[8] ਹੀਰ ਵਾਰਿਸ ਸ਼ਾਹ ਬੰਦ 37 ਅਤੇ 39
[9] https://pa.wikipedia.org/wiki/%E0%A8%B8%E0%A8%BC%E0%A8%B0%E0%A9%80%E0%A8%85%E0%A8%A4

ਕਾਜ਼ੀ ਆਖਿਆ ਖ਼ੌਫ਼ ਖ਼ੁਦਾਇ ਦਾ ਕਰ, ਮਾਪੇ ਜਿੱਦ ਚੜ੍ਹੇ ਚਾਇ ਮਾਰਨੀਗੇ।
ਤੇਰੀ ਕਿਆੜੀਉਂ ਜੀਭ ਖਿਚਾ ਕੱਢਣ, ਮਾਰੇ ਸ਼ਰਮ ਦੇ ਖ਼ੂਨ ਗੁਜ਼ਾਰਨੀਗੇ।
ਜਿਸ ਵਕਤ ਅਸਾਂ ਦਿੱਤਾ ਚਾ ਫ਼ਤਵਾ, ਓਸ ਵਕਤ ਹੀ ਪਾਰ ਉਤਾਰਨੀਗੇ।[10]

**ਅਤੇ ਜਦੋਂ ਹੀਰ ਨਿਕਾਹ ਤੋਂ ਮੁਨਕਰ ਹੋਣ ਲੱਗਦੀ ਹੈ ਉਸ ਵੇਲੇ ਵੀ ਕਾਜ਼ੀ ਸ਼ਰ੍ਹਾ ਦੇ ਨਾਂ ਤੇ ਧਮਕੀ ਦਿੰਦਾ ਹੈ:-**

ਕਾਜ਼ੀ ਮਹਿਕਮੇ ਵਿੱਚ ਇਰਸ਼ਾਦ ਕੀਤਾ, ਮੰਨ ਸ਼ਰ੍ਹਾ ਦਾ ਹੁਕਮ ਜੇ ਜੀਵਣਾ ਈ।
ਬਾਅਦ ਮੌਤ ਦੇ ਨਾਲ ਈਮਾਨ ਹੀਰੇ, ਦਾਖ਼ਲ ਵਿੱਚ ਬਹਿਸ਼ਤ ਦੇ ਥੀਵਣਾ ਈ।
ਨਾਲ ਜ਼ੌਕ ਦੇ ਸ਼ੌਕ ਦਾ ਨੂਰ ਸ਼ਰਬਤ ਵਿੱਚ ਜੰਨਤੁਲ-ਅਦਨ ਦੇ ਪੀਵਣਾ ਈ।
ਚਾਦਰ ਨਾਲ ਹਿਆ ਦੇ ਸਤਰ ਕੀਜੇ, ਕਾਹ ਦਰਜ਼ ਹਰਾਮ ਦੀ ਸੀਵਣਾ ਈ।[11]

**ਇਥੇ ਇਹ ਸੰਵਾਦ ਇਸ ਲਈ ਹੋਰ ਵੀ ਦਿਲਚਸਪ ਹੋ ਜਾਂਦਾ ਹੈ ਜਦੋਂ ਹੀਰ ਇਸਲਾਮ ਦੀ ਪ੍ਰੈਕਟਿਸ/ਅਮਲ ਨੂੰ ਰੱਦਣ ਲਈ ਕੁਰਆਨ ਵਿਚੋਂ ਹਵਾਲੇ ਦਿੰਦੀ ਹੈ ਅਤੇ ਅਤੇ ਕਾਜ਼ੀ ਵੀ ਕੁਰਆਨ ਦੇ ਹਵਾਲੇ ਨਾਲ ਹੀ ਸ਼ਰ੍ਹਾ ਦੀ ਪਾਬੰਦੀ ਉਪਰ ਜੋਰ ਦਿੰਦਾ ਹੈ। ਜਿੱਥੇ ਹੀਰ ਆਖਦੀ ਹੈ:-**

ਹੀਰ ਆਖਦੀ ਜੀਵਣਾ ਭਲਾ ਸੋਈ, ਜਿਹੜਾ ਹੋਵੇ ਭੀ ਨਾਲ ਈਮਾਨ ਮੀਆਂ।
ਸਭੋ ਜੱਗ ਫ਼ਾਨੀ ਹਿੱਕੋ ਰਬ ਬਾਕੀ, ਹੁਕਮ ਕੀਤਾ ਹੈ ਰਬ ਰਹਿਮਾਨ ਮੀਆਂ।
'ਕੁਲੇ ਸ਼ੈਹਇਨ ਖ਼ਲਕਨਾ ਜ਼ੋਜਈਨੇ', ਹੁਕਮ ਆਇਆ ਹੈ ਵਿੱਚ ਕੁਰਾਨ ਮੀਆਂ।
ਮੇਰੇ ਇਸ਼ਕ ਨੂੰ ਜਾਣਦੇ ਧੌਲ ਬਾਸ਼ਕ, ਲੌਹ ਕਲਮ ਤੇ ਜ਼ਿਮੀਂ ਆਸਮਾਨ ਮੀਆਂ।[12]

**ਅਤੇ ਕਾਜ਼ੀ ਉਸਦਾ ਜਵਾਬ ਦਿੰਦਾ ਹੈ:-**

ਜੋਬਨ ਰੂਪ ਦਾ ਕੁੱਝ ਵਸਾਹ ਨਾਹੀਂ, ਮਾਨ ਮੱਤੀਏ ਮੁਸ਼ਕ ਪਲੱਟੀਏ ਨੀ।
ਨਬੀ ਹੁਕਮ ਨਕਾਹ ਫਰਮਾ ਦਿੱਤਾ, 'ਫ਼ਇਨਕਿਹੂ' ਮਨ ਲੈ ਜੱਟੀਏ ਨੀ।
ਖੇੜਾ ਹੱਕ ਹਲਾਲ ਕਬੂਲ ਕਰ ਤੂੰ, ਵਾਰਿਸ ਸ਼ਾਹ ਬਣ ਬੈਠੀਏਂ ਵਹੁਟੀਏ ਨੀ।[13]

ਇਸ ਥਾਂ ਉਪਰ ਦੁਹਾਂ ਦਾ ਸੰਵਾਦ ਕਾਫੀ ਲੰਮੇਰਾ ਹੈ। ਇਕ ਪਾਸੇ ਕਾਜ਼ੀ ਸ਼ਰੀਅਤ ਦੇ ਹਵਾਲੇ ਨਾਲ ਹੱਕ ਦੇ ਨਿਕਾਹ (ਫ਼ਇਨਕਿਹੂ ਭਾਵ ਔਰਤ ਦਾ ਨਿਕਾਹ ਕਰੋ) ਅਤੇ ਮਾਂ ਬਾਪ ਦੇ ਕਹਿਣੇ ਵਿਚ ਹੋਣ ਉਪਰ ਬਲ ਦਿੰਦਾ ਹੈ ਦੂਜੇ ਪਾਸੇ ਹੀਰ ਕੁਰਆਨ ਅਤੇ ਨਬੀ ਰਸੂਲ ਦੇ ਹਵਾਲੇ ਨਾਲ ਕਾਜ਼ੀ ਦਾ ਵਿਰੋਧ ਕਰਦੀ ਹੈ। ਉਸਦਾ ਤਰਕ ਹੈ ਰੱਬ ਨੇ ਬੇਸ਼ੱਕ ਹਰੇਕ ਚੀਜ਼ ਦੇ ਜੋੜੇ ਬਣਾ ਕੇ ਘੱਲੇ ਹਨ (ਕੁਲੇ ਸ਼ੈਹਇਨ ਖ਼ਲਕਨਾ ਜ਼ੋਜਈਨੇ) ਅਤੇ ਮੇਰਾ ਜੋੜਾ ਰਾਂਝੇ ਨਾਲ ਧੁਰੋਂ ਬਣਿਆ ਹੋਇਆ ਹੈ। ਇਥੇ ਵੀ ਇਹੋ ਵਾਪਰਦਾ ਹੈ ਕਿ ਵਾਰਿਸ ਸ਼ਾਹ ਇਸਲਾਮ ਦੀ ਕਿਸੇ ਵੀ ਮਾਨਤਾ ਨੂੰ ਰੱਦ ਨਹੀਂ ਕਰਦਾ ਸਗੋਂ ਹੀਰ ਦੇ ਧਰਮ ਦੇ ਸਿਧਾਂਤ ਰਾਹੀਂ ਹੀ ਕਾਜ਼ੀ ਨੂੰ ਚਣੌਤੀ ਦਿੰਦੀ ਹੈ। ਹੀਰ ਦਾ ਕੇਂਦਰੀ ਨੁਕਤਾ ਕਾਜ਼ੀਓ ਾਂਦੇ ਰਿਸ਼ਵਤੀ ਹੋਣ ਵਿਚ ਹੈ। ਕਾਜ਼ੀ ਇਸ ਤਰਕ ਦਾ ਕਿਤੇ ਵਿਰੋਧ ਨਹੀਂ ਕਰਦਾ, ਬਸ ਸ਼ਰ੍ਹਾ ਦੇ ਡਰ ਰਾਹੀਂ ਆਪਣੀ ਗੱਲ ਮੰਨਵਾ ਲੈਣੀ ਲੋਚਦਾ ਹੈ। ਵਾਰਿਸ ਸ਼ਾਹ ਹੀਰ ਦੇ ਤਰਕ ਨੂੰ ਹੀ ਕਲਾਮ ਸ਼ਾਇਰ ਵਿਚ ਹੋਰ ਸਪੱਸ਼ਟਤਾ ਨਾਲ ਪੇਸ਼ ਕਰਦਾ ਹੈ:-
ਪੈਂਚਾਂ ਪਿੰਡ ਦੀਆਂ ਸੱਚ ਥੀਂ ਤਰਕ ਕੀਤਾ, ਕਾਜ਼ੀ ਰਿਸ਼ਵਤਾਂ ਮਾਰ ਕੇ ਕੋਰ ਕੀਤੇ।

ਪਹਿਲਾਂ ਹੋਰਨਾਂ ਨਾਲ ਇਕਰਾਰ ਕਰਕੇ, ਤੁਅਮਾ ਵੇਖ ਦਾਮਾਦ ਫਿਰ ਹੋਰ ਕੀਤੇ।[14]

ਕਾਜ਼ੀ ਸਿਰਫ ਰਿਸ਼ਵਤੀ ਹੀ ਨਹੀਂ ਬੇ-ਈਮਾਨ ਵੀ ਹੈ। ਅੰਤ ਵਿਚ ਜਦੋਂ ਰਾਜੇ ਦੀ ਕਚਹਿਰੀ ਵਿਚ ਹੀਰ ਉਪਰ ਰਾਂਝੇ ਅਤੇ ਖੇੜਿਆਂ ਦੀ ਦਾਅਵੇਦਾਰੀ ਦਾ ਫੈਸਲਾ ਹੋਣ ਲੱਗਦਾ ਹੈ ਉਸ ਵੇਲੇ ਵੀ ਕਾਜ਼ੀ ਦੇ ਮੂਹੋਂ ਨਿਕਲੇ ਬੋਲ ਸਮਕਾਲੀ ਸਮਾਜ ਵਿਚ ਦੰਭ ਅਤੇ ਭੇਖ ਦੇ ਆਮ ਵਰਤਾਰੇ ਵੱਲ ਇਸ਼ਾਰਾ ਕਰਦੇ ਹਨ। ਬੇਸ਼ੱਕ ਕਾਜ਼ੀ ਰਾਂਝੇ ਦੇ ਹਵਾਲੇ ਨਾਲ ਆਖਦਾ ਹੈ ਪਰ ਉਸਦਾ ਨੁਕਤਾ ਸਪੱਸ਼ਟ ਹੈ। ਧਰਮਾਂ ਦੀ ਮਾਨਤਾ ਵਿਚ ਵਿਖਾਵੇ ਅਤੇ ਭੇਖ ਦਾ ਬੋਲਬਾਲਾ ਸਿਖਰ ਉਪਰ ਹੈ। ਹਵਾਲ ਹੈ:-

ਕਾਜ਼ੀ ਖੋਹ ਦਿੱਤੀ ਹੀਰ ਖੇੜਿਆਂ ਨੂੰ, ਮਾਰੋ ਇਹ ਫ਼ਕੀਰ ਦਗ਼ੋਲੀਆ ਜੇ।
ਵਿੱਚੋਂ ਚੋਰ ਤੇ ਯਾਰ ਤੇ ਲੁੱਚ ਲੁੰਡਾ, ਵੇਖੋ ਬਾਹਰੋਂ ਵਲੀ ਤੇ ਔਲੀਆ ਜੇ।
ਦਗ਼ਾਦਾਰ ਤੇ ਝਾਗੜੂ ਕਲਾਕਾਰੀ, ਬਣ ਫ਼ਿਰੇ ਮਸ਼ਇਖ਼ ਤੇ ਔਲੀਆ ਜੇ।
ਵਾਰਿਸ ਦਗ਼ੇ ਤੇ ਆਵੇ ਤਾਂ ਸਫ਼ਾਂ ਗਾਲੇ, ਅਖੀਂ ਮੀਟ ਬਹੇ ਜਾਪੇ ਰੌਲੀਆ ਜੇ।[15]

ਸਾਰੇ ਹਵਾਲਿਆਂ ਦੇ ਆਧਾਰ 'ਤੇ ਉਸੀਂ ਕਹਿ ਸਕਦੇ ਹਾਂ ਬੇਸ਼ੱਕ ਵਾਰਿਸ ਸ਼ਾਹ ਕਿੱਸਾ ਹੀਰ ਦੀ ਪਹਿਲੀ ਪੜ੍ਹਤ ਵਿਚ ਇਸਲਾਮ ਨਾਲ ਸੰਵਾਦ ਵਿਚ ਪੈਂਦਾ ਨਜ਼ਰ ਆਉਂਦਾ ਹੈ ਪਰ ਗਹਿਨ ਅਧਿਐਨ ਤੋਂ ਸਪੱਸ਼ਟ ਹੁੰਦਾ ਹੈ ਕਿ ਵਾਰਿਸ ਸ਼ਾਹ ਇਸਲਾਮ ਦੇ ਅਮਲ ਉਪਰ ਤਾਂ ਕਿੰਤੂ ਕਰਦਾ ਹੈ, ਕਾਜ਼ੀਆਂ ਦੇ ਕਿਰਦਾਰ ਨੂੰ ਨੰਗਿਆਂ ਕਰਦਾ ਹੈ ਪਰ

[10] ਹੀਰ ਵਾਰਿਸ ਸ਼ਾਹ, ਬੰਦ 118
[11] ਹੀਰ ਵਾਰਿਸ ਸ਼ਾਹ, ਬੰਦ 204
[12] ਹੀਰ ਵਾਰਿਸ ਸ਼ਾਹ, ਬੰਦ 205
[13] ਹੀਰ ਵਾਰਿਸ ਸ਼ਾਹ, ਬੰਦ 206
[14] ਹੀਰ ਵਾਰਿਸ ਸ਼ਾਹ, ਬੰਦ 225
[15] ਹੀਰ ਵਾਰਿਸ ਸ਼ਾਹ, ਬੰਦ 605

ਇਸਲਾਮ ਦੇ ਸਿਧਾਂਤ ਬਾਰੇ ਕਿਸੇ ਤਰਾਂ ਦੀ ਟਿੱਪਣੀ ਨਹੀਂ ਕਰਦਾ। ਇਸਲਾਮ ਵਿਚ ਉਸਦੀ ਗਹਿਰੀ ਆਸਥਾ ਥਾਂ ਪੁਰ ਥਾਂ ਦਿਖਦੀ ਹੈ। ਕਿੱਸੇ ਦੀ ਸ਼ੁਰੂਆਤ ਅਤੇ ਸਮਾਪਤੀ ਆਪਣੇ ਆਪ ਵਿਚ ਰਵਾਇਤ ਕਹਿਕੇ ਨਹੀਂ ਛੱਡੀ ਜਾ ਸਕਦੀ ਸਗੋਂ ਇਸ ਦੀ ਚਿਹਨਕਤਾ ਨੂੰ ਸਮਝਣਾ ਪਵੇਗਾ। ਉਹ ਇਹ ਕਿ ਵਾਰਿਸ ਸ਼ਾਹ ਇਸਲਾਮ ਉਪਰ ਨਹੀਂ ਸਿਰਫ ਇਸ ਦੀ ਪ੍ਰੈਕਟਿਸ ਉਪਰ ਕਿੰਤੂ ਕਰਦਾ ਹੈ।

ਹੀਰ ਵਾਰਿਸ ਸ਼ਾਹ ਵਿਚ ਵਾਰ ਵਾਰ ਜ਼ਿਕਰ ਅਧੀਨ ਦੂਸਰਾ ਅਹਿਮ ਧਰਮ ਨਾਥ ਜੋਗੀਆਂ ਦਾ ਧਰਮ ਹੈ। ਰਾਂਝਾ ਬਾਲ ਨਾਥ ਤੋਂ ਜੋਗ ਲੈਕੇ ਖੇੜਿਆਂ ਦੇ ਹੀਰ ਨੂੰ ਪ੍ਰਾਪਤ ਕਰਨ ਜਾਂਦਾ ਹੈ। ਨਾਥ ਜੋਗੀਆਂ ਪ੍ਰੰਪਰਾ ਪੰਜਾਬ ਵਿਚ ਬਹੁਤ ਪੁਰਾਣੀ ਹੈ। ਨੌਵੀਂ ਦਸਵੀਂ ਸਦੀ ਤੋਂ ਅਪਭ੍ਰੰਸ਼ਾਂ ਦੇ ਰਲ਼ਾਅ ਵਾਲੀ ਪੰਜਾਬੀ ਬੋਲੀ ਵਿਚ ਲਿਖਿਆ ਨਾਥ ਪ੍ਰੰਪਰਾ ਵਾਲ ਸਾਹਿਤ ਪ੍ਰਾਪਤ ਹੁੰਦਾ ਹੈ। ਨਾਥ ਜੋਗੀਆਂ ਨੇ ਗ੍ਰਹਿਸਤ ਨੂੰ ਨੈਤਿਕ ਗਿਰਾਵਟ ਦਾ ਕਾਰਨ ਮੰਨਿਆ ਹੈ। ਔਰਤ ਨੂੰ ਗ੍ਰਹਿਸਤ ਦੀ ਜੜ੍ਹ ਮੰਨਦੀ ਇਹ ਪ੍ਰੰਪਰਾ ਨਾਰੀ ਦੇ ਨਿਸ਼ੇਧ ਉਪਰ ਖੜੀ ਹੈ। ਨਾਥ ਬਾਣੀ ਔਰਤ ਨੂੰ ਬਾਘਣ ਤੱਕ ਆਖਦੀ ਹੋਈ ਕਾਮਨਾਵਾਂ ਦੀ ਪੁਤਲੀ ਸਮਝਦੀ ਹੈ। ਨਾਥ ਪ੍ਰੰਪਰਾ ਅਸਲ ਵਿਚ ਭੋਗਵਾਦ ਦਾ ਵਿਰੋਧ ਕਰਦੀ ਹੋਈ ਵਿਆਹ ਵਰਗੀਆਂ ਸਮਾਜਕ ਸੰਸਥਾਵਾਂ ਦਾ ਵਿਰੋਧ ਕਰਨ ਲੱਗਦੀ ਹੈ। ਮੱਧਕਾਲੀ ਦੌਰ ਦੇ ਪੰਜਾਬ ਦੀ ਸਮਾਜਕ ਸੰਰਚਨਾ ਵਿਚ ਨਾਥ ਪ੍ਰੰਪਰਾ ਦਾ ਗਲਬਾ ਰਿਹਾ ਹੈ। ਨਾਥ ਜੋਗੀਆਂ ਦੀ ਹਸਤੀ ਦਾ ਅੰਦਾਜਾ ਇਸ ਨੁਕਤੇ ਤੋਂ ਲਾਇਆ ਜਾ ਸਕਦਾ ਹੈ ਕਿ ਨਾਨਕ ਪਾਤਸ਼ਾਹ ਸਿੱਧਾਂ ਨਾਲ ਗੋਸ਼ਟ ਕਰਦੇ ਹਨ। ਗੁਰਬਾਣੀ ਵਿਚ ਨਾਥਾਂ ਦੇ ਹਵਾਲੇ ਵੱਡੀ ਮਾਤਰਾ ਵਿਚ ਮਿਲਦੇ ਹਨ ਖਾਸ ਤੌਰ 'ਤੇ ਜਪੁਜੀ ਸਾਹਿਬ ਵਿਚ ਨਾਥਾਂ ਦਾ ਜ਼ਿਕਰ ਵਾਰਾ ਵਾਰ ਆਉਂਦਾ ਹੈ।

ਵਾਰਿਸ ਸ਼ਾਹ ਰਾਂਝੇ ਦੇ ਜੋਗੀ ਬਣਨ ਲਈ ਬਾਲ ਨਾਥ ਤੋਂ ਜੋਗ ਧਾਰਨ ਕਰਨ ਅਤੇ ਰਾਂਝੇ ਦੇ ਜੋਗੀ ਬਣਕੇ ਖੇੜਿਆਂ ਦੇ ਜਾਕੇ ਹੀਰ ਅਤੇ ਸਹਿਤੀ ਨਾਲ ਸੰਵਾਦ ਸਮੇਂ ਨਾਥ ਪ੍ਰੰਪਰਾ ਬਾਰੇ ਆਪਣੇ ਨਜ਼ਰੀਏ ਨੂੰ ਪੇਸ਼ ਕਰਦਾ ਹੈ। ਇਸ ਵਿਚ ਕਈ ਥਾਈਂ ਨਾਥ ਪ੍ਰੰਪਰਾ ਦੀ ਵਿਰਾਸਤ ਨੂੰ ਵਡਿਆਇਆ ਵੀ ਗਿਆ ਹੈ ਪ੍ਰੰਤੂ ਅਕਸਰ ਇਸ ਬਾਰੇ ਨਕਾਰਤਮਕਤਾ ਵੀ ਮਿਲਦੀ ਹੈ। ਵਾਰਿਸ ਸ਼ਾਹ ਨਾਥ ਪ੍ਰੰਪਰਾ ਦੀ ਪਹਿਲੀ ਪਛਾਣ ਹੀ ਵਿਅੰਗ ਰਾਹੀਂ ਕਰਾਉਂਦਾ ਹੈ;-

> ਹੋਕਾ ਫਿਰੇ ਦਿੰਦਾ ਪਿੰਡਾਂ ਵਿੱਚ, ਸਾਰੇ ਆਉ ਕਿਸੇ ਫ਼ਕੀਰ ਜੇ ਹੋਵਣਾ ਜੇ।
> ਮੰਗ ਖਾਵਣਾ ਕੰਮ ਨਾ ਕਾਜ ਕਰਨਾ, ਨਾ ਕੋ ਚਾਰਨਾ ਤੇ ਨਾ ਹੀ ਚੋਵਣਾ ਜੇ।
> ਜ਼ਰਾ ਕੰਨ ਪੜਾਇਕੇ ਸਵਾਹ ਮਲਣੀ, ਗੁਰੂ ਸਾਰੇ ਹੀ ਜੱਗ ਦਾ ਹੋਵਣਾ ਜੇ।
> ਨਾ ਦਿਹਾੜ ਨਾ ਕਸਬ ਰੁਜ਼ਗਾਰ ਕਰਨਾ, ਨਾਢੂ ਸ਼ਾਹ ਫਿਰ ਮੁਫ਼ਤ ਦਾ ਹੋਵਣਾ ਜੇ।[16]

ਇਸ ਬੰਦ ਵਿਚ ਟੇਢ ਹੈ, ਚੋਟ ਹੈ। ਵਾਰਿਸ਼ ਸ਼ਾਹ ਨਾਥ ਪ੍ਰੰਪਰਾ ਦੀ ਸਮਾਜ ਨਾਲ ਬੇਲਾਗਤਾ ਨੂੰ ਨਿਮਨ ਦਰਜੇ ਦੀ ਚਿਤਵਦਾ ਹੈ। ਫਕੀਰੀ ਉਸ ਲਈ ਕੰਮਚੋਰ ਦਾ ਉਹਲਾ ਹੈ। ਕੰਨ ਪੜਵਾਉਣ ਅਤੇ ਵਿਭੂਤੀ ਉਸ ਲਈ 'ਜਰਾ' ਜਿੰਨੇ ਕਾਰਜ ਹਨ। ਸਾਰੇ ਜੱਗ ਦੇ ਗੁਰੂ ਹੋਣ ਵਿਚ ਤਿੱਖਾ ਵਿਅੰਗ ਹੈ। ਇਥੋਂ ਹੀ ਵਾਰਿਸ ਸ਼ਾਹ ਦੀ ਦ੍ਰਿਸ਼ਟੀ ਸਪੱਸ਼ਟ ਹੋਣੀ ਸ਼ੁਰੂ ਹੋ ਜਾਂਦੀ ਹੈ। ਬੇਸ਼ੱਕ ਜਦੋਂ ਰਾਂਝਾ ਬਾਲ ਨਾਥ ਦੇ ਟਿੱਲੇ ਉਪਰ ਜਾਂਦਾ ਹੈ ਤਾਂ ਉਸ ਵੇਲੇ ਰਾਂਝੇ ਦਾ ਸੰਬੋਧਨ ਆਜਜ਼ੀ ਵਾਲਾ ਹੈ ਅਤੇ ਬਾਲ ਨਾਥ ਦੀ ਰਾਂਝੇ ਪ੍ਰਤੀ ਦ੍ਰਿਸ਼ਟੀ ਵੀ ਸਨੇਹ ਵਾਲੀ ਹੈ। ਇਸ ਸਮੇਂ ਦਾ ਦੂਹਾਂ ਦਾ ਸੰਵਾਦ ਸੰਸਾਰ ਦੀ ਨਾਸ਼ਵਾਨਤਾ ਅਤੇ ਦੇਹ ਦੇ ਮਿੱਟੀ ਹੋਣ ਵੱਲ ਵੱਧਦਾ ਹੈ ਦੂਹਾਂ ਦੀ ਇਸ ਬਾਰੇ ਸਹਿਮਤੀ ਵੀ ਹੈ। ਰਾਂਝੇ ਦੇ ਜੋਗ ਦੀ ਮੰਗ ਕਰਨ ਉਪਰੰਤ ਬਾਲ ਨਾਥ ਰਾਹੀ ਵਾਰਿਸ ਸ਼ਾਹ ਜੋਗ ਦੇ ਇਤਿਹਾਸ ਦੀ ਮਹਿਮਾ ਵੀ ਕਰਦਾ ਹੈ:-

> ਮਹਾਂ ਦੇਵ ਥੋਂ ਜੋਗ ਦਾ ਪੰਥ ਬਣਿਆਂ, ਖਰੀ ਕਠਨ ਹੈ ਜੋਗ ਮੁਹਿੰਮ ਮੀਆਂ।
> ਕੌੜਾ ਬਕਬਕਾ ਸਵਾਦ ਹੈ ਜੋਗ ਸੰਦਾ, ਜਿਹੀ ਘੋਲ ਕੇ ਪੀਵਣੀ ਨਿੰਮ ਮੀਆਂ।
> 'ਜਹਾਂ ਸੁਨ ਸਮਾਧ ਕੀ ਮੰਡਲੀ ਹੈ,' ਅਤੇ ਝੂਟਣਾ ਹੈ ਰਿੰਮ ਝਿੰਮ ਮੀਆਂ।
> ਤਹਾਂ ਭਸਮ ਲਗਾਇਕੇ ਭਸਮ ਹੋਣਾ, ਪੇਸ਼ ਜਾਏ ਨਾਹੀਂ ਗਰਬ ਡਿੰਮ੍ਹ ਮੀਆਂ।[17]

ਬਾਲ ਨਾਥ ਜੋਗ ਦੀ ਕਠਿਨਾਈਆਂ ਦੱਸਦਾ ਹੋਇਆ ਰਾਂਝੇ ਨਾਲ ਸੰਵਾਦ ਵਿਚੋਂ ਰਾਂਝੇ ਉਪਰ ਦਇਆਵਾਨ ਹੋ ਜਾਂਦਾ ਹੈ। ਉਹ ਆਪਣੇ ਬਾਕੀ ਪੁਰਾਣੇ ਚੇਲਿਆਂ ਦੇ ਵਿਰੋਧ ਦੇ ਬਾਵਜੂਦ ਰਾਂਝੇ ਨੂੰ ਜੋਗ ਦੇਣ ਲਈ ਤਿਆਰ ਹੋ ਜਾਂਦਾ ਹੈ। ਜੋਗ ਮਾਰਗ ਦੀਆਂ ਹੋਰ ਔਖੀਆਂ ਮੰਜਿਲਾ ਬਾਰੇ ਦੱਸਦਿਆਂ ਜਦੋਂ ਕਾਮ ਸੰਜਮ ਦੀ ਗੱਲ ਆਉਂਦੀ ਹੈ ਤਾਂ ਰਾਂਝਾ ਵਿਟਰ ਜਾਂਦਾ ਹੈ। ਇਹੋ ਅਹਿਮ ਨੁਕਤਾ ਹੈ ਜਿਸ ਰਾਹੀ ਵਾਰਿਸ ਸ਼ਾਹ ਦੀ ਦ੍ਰਿਸ਼ਟੀ ਸਪੱਸ਼ਟ ਹੋਣ ਲੱਗਦੀ ਹੈ। ਵਾਰਿਸ ਸ਼ਾਹ ਸਥਾਪਿਤ ਕਰਦਾ ਹੈ ਕਿ ਰਾਂਝਾਂ ਜੋਗ ਦੀ ਬੰਦਿਸ਼ ਤੋਂ ਬਗਾਵਤ ਕਰ ਦਿੰਦਾ ਹੈ। ਨਾਥ ਜੋਗੀਆਂ ਦੇ ਫਲਸਫੇ ਅਨੁਸਾਰ ਉਹ ਸੰਸਾਰ ਦੀ ਨਾਸ਼ਵਾਨਤਾ ਨਾਲ ਤਾਂ ਸਹਿਮਤ ਹੈ ਪਰ ਗ੍ਰਹਿਸਥ ਦੀ ਬੰਦਿਸ਼ ਉਸ ਨੂੰ ਸਵੀਕਾਰ ਨਹੀਂ। ਇਹ ਅਸਹਿਮਤੀ ਨਾਥ ਪ੍ਰੰਪਰਾ ਦੇ ਮੂਲ ਦੇ ਵਿਰੋਧ ਵਿਚ ਹੈ। ਜਦੋਂ ਬਾਲ ਨਾਥ ਆਖਦਾ ਹੈ:-

> ਕਹੇ ਨਾਥ ਰੰਝੇਟਿਆ ਸਮਝ ਭਾਈ, ਸਿਰ ਚਾਇਉਈ ਜੋਗ ਭਰੋਟੜੀ ਨੂੰ।
> ਵਡੀ ਮਾਉਂ ਬਰਾਬਰ ਜਾਣਨੀ ਹੈ, ਅਤੇ ਭੈਣ ਬਰਾਬਰਾਂ ਛੋਟੜੀ ਨੂੰ।
> ਜਤੀ ਸਤੀ ਨਿਮਾਣਿਆਂ ਹੋ ਰਹੀਏ, ਸਾਬਤ ਰੱਖੀਏ ਏਸ ਲੰਗੋਟੜੀ ਨੂੰ।[18]

ਇਸਦੇ ਜਵਾਬ ਵਿਚ ਰਾਂਝੇ ਦਾ ਜਵਾਬ ਦੇਖਣਯੋਗ ਹੈ। ਇਹ ਨਾਥ ਜੋਗੀਆਂ ਦੇ ਸਿਧਾਂਤ ਦੀ ਧੁਰ ਵਿਰੋਧੀ ਪੋਜ਼ੀਸ਼ਨ ਹੈ। ਰਾਂਝੇ ਦਾ ਕਥਨ ਹੈ:-

> ਸਾਬਤ ਹੋਏ ਲੰਗੋਟੜੀ ਸੁਣੀਂ ਨਾਥਾ, ਕਾਹੇ ਝੁੱਗੜਾ ਚਾਇ ਉਜਾੜਦਾ ਮੈਂ।

[16] ਹੀਰ ਵਾਰਿਸ ਸ਼ਾਹ, ਬੰਦ 253

[17] ਹੀਰ ਵਾਰਿਸ ਸ਼ਾਹ, ਬੰਦ 261

[18] ਹੀਰ ਵਾਰਿਸ ਸ਼ਾਹ, ਬੰਦ 278

ਜੀਭ ਇਸ਼ਕ ਥੋਂ ਰਹੇ ਜੇ ਚੁਪ ਮੇਰੀ, ਕਾਹੇ ਐਡੜੇ ਪਾੜਣੇ ਪਾੜਦਾ ਮੈਂ।
ਜੀਉ ਮਾਰ ਕੇ ਰਹਿਣ ਜੇ ਹੋਏ ਮੇਰਾ, ਐਡੇ ਮੁਆਮਲੇ ਕਾਸਨੂੰ ਧਾਰਦਾ ਮੈਂ।
ਏਸ ਜੀਉ ਨੂੰ ਨਢੜੀ ਮੋਹ ਲੀਤਾ, ਨਿੱਤ ਫ਼ਕਰ ਦਾ ਨਾਉਂ ਚਿਤਾਰਦਾ ਮੈਂ।
ਜੇ ਤਾਂ ਮਸਤ ਉਜਾੜ ਵਿੱਚ ਜਾ ਬਹਿੰਦਾ, ਮਹੀਂ ਸਿਆਲਾਂ ਦੀਆਂ ਕਾਸਨੂੰ ਚਾਰਦਾ ਮੈਂ।
ਸਿਰ ਰੋੜ ਕਰਾਇ ਕਿਉਂ ਕੰਨ ਪਾਟਣ, ਜੇ ਤਾਂ ਕਿਬਰ ਹੰਕਾਰ ਨੂੰ ਮਾਰਦਾ ਮੈਂ।
ਜੇ ਮੈਂ ਜਾਣਦਾ ਹੱਸਣੋਂ ਮਨ੍ਹਾਂ ਕਰਨਾ, ਤੇਰੇ ਟਿੱਲੇ 'ਤੇ ਧਾਰ ਨਾ ਮਾਰਦਾ ਮੈਂ।
ਜੇ ਮੈਂ ਜਾਣਦਾ ਕੰਨ ਤੂੰ ਪਾੜ ਮਾਰੋ, ਇਹ ਮੁੰਦਰਾਂ ਮੂਲ ਨਾ ਸਾੜਦਾ ਮੈਂ।[19]

ਨਾਥ ਜੋਗੀਆਂ ਦਾ ਸਿਧਾਂਤਕ ਵਿਰੋਧ ਮੁੰਦਰਾਂ ਸਾੜਨ ਤੱਕ ਅੱਪੜਦਾ ਹੈ। ਇਹੋ ਵਾਰਿਸ ਸ਼ਾਹ ਦਾ ਕੇਂਦਰੀ ਸੂਤਰ ਹੈ। ਉਹ ਨਾਥ ਧਰਮ ਦੇ ਸਖਤ ਨਿਯਮਾਂ ਖਿਲਾਫ ਤਰਕ ਸਿਰਜਦਾ ਹੈ। ਉਸ ਕੋਲ ਪੰਜਾਬੀ ਜਿਉਣ ਢੰਗ ਦਾ ਬਹਾਨਾ ਹੈ। ਉਹ ਬੰਦਸ਼ ਦੇ ਵਿਰੋਧ ਪੰਜਾਬ ਦੇ ਖੁਲ੍ਹੇ ਖੁਲਾਸੇ ਵਾਲੇ ਜੀਵਨ ਦੇ ਹੱਕ ਵਿਚ ਖੜੋਂਦਾ ਹੈ। ਰਾਂਝੇ ਰਾਹੀਂ ਵਾਰਿਸ ਆਖਦਾ ਹੈ:-

ਨਾਥਾ ਜਿਊਂਦਿਆਂ ਮਰਨ ਹੈ ਖਰਾ ਔਖਾ, ਸਾਥੋਂ ਇਹ ਨਾ ਵਾਇਦੇ ਹੋਵਣੇ ਨੀ।
ਅਸੀਂ ਜਟ ਹਾਂ ਨਾੜੀਆਂ ਕਰਨ ਵਾਲੇ, ਅਸਾਂ ਕਚਕੜੇ ਨਹੀਂ ਪਰੋਵਣੇ ਨੀ।
ਐਵੇਂ ਕੰਨ ਪੜਾਇਕੇ ਖ਼ੁਆਰ ਹੋਏ, ਸਾਥੋਂ ਨਹੀਂ ਹੁੰਦੇ ਏਡੇ ਰੋਵਣੇ ਨੀ।
ਸਾਥੋਂ ਖੱਪਰੀ ਨਾਦ ਨਾ ਜਾਣ ਸਾਂਭੇ, ਅਸਾਂ ਢੱਗੇ ਹੀ ਅੰਤ ਨੂੰ ਜੋਵਣੇ ਨੀ।
ਰੰਨਾਂ ਨਾਲ ਜੋ ਵਰਜਦੇ ਚੇਲਿਆਂ ਨੂੰ, ਉਹ ਗੁਰੂ ਨਾ ਬੰਨ੍ਹ ਕੇ ਚੋਵਣੇ ਨੀ।
ਹੱਸ ਖੇਡਣਾ ਤੁਸਾਂ ਚਾ ਮਨ੍ਹਾ ਕੀਤਾ, ਅਸਾਂ ਧੂੰਏਂ ਦੇ ਗੋਹੇ ਕਹੇ ਢੋਵਣੇ ਨੀ।
ਵਾਰਿਸ ਸ਼ਾਹ ਕੀ ਜਾਣੀਏ ਅੰਤ ਆਖ਼ਰ, ਖੱਟੇ ਚੋਵਣੇ ਕਿ ਮਿੱਠੇ ਚੋਵਣੇ ਨੀ।[20]

ਵਾਰਿਸ ਖੇਤੀਕਾਰ ਹੱਸਣ ਖੇਡਣ ਵਾਲੇ ਦੇ ਹੱਕ ਵਿਚ ਖੜ੍ਹਦਾ ਹੈ। ਉਹ ਜੋਗੀ ਧਰਮ ਦੇ ਮੁਕਾਬਲੇ ਗ੍ਰਹਿਸਥ ਨੂੰ ਉਤਮ ਦਰਸਾਉਂਦਾ ਹੈ। ਬਾਲ ਨਾਥ ਦਾ ਜ਼ਿਦ ਛੱਡ ਕੇ ਰਾਂਝੇ ਨੂੰ ਜੋਗ ਵੀ ਦੇਣਾ ਅਤੇ ਹੀਰ ਦੀ ਬਖਸ਼ਿਸ਼ ਵੀ ਕਰਨਾ ਜੋਗ ਪ੍ਰੰਪਰਾ ਦੇ ਉਲਟ ਕਰਮ ਹੈ। ਬੇਸ਼ੱਕ ਜੋਗੀ ਬਣਿਆਂ ਰਾਂਝਾਂ ਸਹਿਤੀ ਨਾਲ ਸੰਵਾਦ ਸਮੇਂ ਜੋਗ ਦੀ ਉਚਿਤਤਾ ਨੂੰ ਦਰਸਾਉਂਦਾ ਹੈ ਉਥੇ ਵਾਰਿਸ ਸ਼ਾਹ ਸਹਿਤੀ ਰਾਹੀ ਵਿਰੋਧੀ ਤਰਕ ਉਸਾਰਦਾ ਹੈ। ਕੁਲ ਮਿਲਾ ਕੇ ਵਾਰਿਸ ਸ਼ਾਹ ਜਿੱਥੇ ਇਸਲਾਮ ਦੀ ਚਰਚਾ ਸਮੇਂ ਸਿਰਫ ਅਮਲ/ਪ੍ਰੈਕਟਿਸ ਨੂੰ ਨਿੰਦਣ ਤੱਕ ਮਹਿਦੂਦ ਰਹਿੰਦਾ ਹੈ ਉਥੇ ਜੋਗ ਧਰਮ ਸਮੇਂ ਉਸਦੇ ਸਿਧਾਂਤ ਨੂੰ ਕਟਿਹਰੇ ਵਿਚ ਖੜ੍ਹਾ ਕਰਦਾ ਹੈ।

ਹੀਰ ਵਾਰਿਸ ਸ਼ਾਹ ਦੇ ਮੁਕੰਮਲ ਹੋਣ ਦਾ ਸਮਾਂ ਅਠਾਰਵੀਂ ਸਦੀ ਦੇ ਸੱਤਵੇਂ ਦਹਾਕੇ (1766 ਈ) ਦਾ ਹੈ। ਇਸ ਸਮੇਂ ਤੱਕ ਆਉਂਦਿਆ ਖਾਲਸਾ ਸਾਜਨਾ (1699 ਈ) ਨੂੰ ਸਾਢੇ ਛੇ ਦਹਾਕੇ ਬੀਤ ਚੁੱਕੇ ਸਨ। ਦਸਮ ਪਾਤਸ਼ਾਹ ਦੇ ਜੋਤ ਜੋਤ ਸਮਾਉਣ (1706 ਈ) ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦੁਰ ਦਾ ਸਾਸ਼ਨ ਕਾਲ (1709-1715 ਈ.) ਬੀਤ ਚੁੱਕਾ ਸੀ। ਇਸ ਤੋਂ ਬਾਅਦ ਲੰਬਾ ਸਮਾਂ ਪੰਜਾਬ ਵਿਚ ਅਸਥਾਪਤੀ ਅਤੇ ਅਨਿਸਚਤਾ ਦਾ ਹੈ ਇਸ ਸਮੇਂ ਬਾਹਰੀ ਹਮਲਾਵਰ (ਅਹਿਮਦ ਸ਼ਾਹ ਅਬਦਾਲੀ 1722-1773 ਈ., ਨਾਦਰ ਸ਼ਾਹ 1698–1747 ਈ. ਆਦਿ) ਹਮਲੇ ਕਰ ਰਹੇ ਹਨ ਸਿੱਖ ਮਿਸਲਾਂ (1707–1849 ਈ.) ਸਿੱਖ ਸਾਸ਼ਨ ਲਈ ਜੱਦੋ ਜਹਿਦ ਕਰ ਰਹੀਆਂ ਸਨ। ਵਾਰਿਸ ਸ਼ਾਹ ਕਿੱਸਾ ਹੀਰ ਦੀ ਸਮਾਪਤੀ ਸਮੇਂ ਲਿਖਦਾ ਹੈ:-

ਜਦੋਂ ਦੇਸ ਤੇ ਜੱਟ ਸਰਦਾਰ ਹੋਏ, ਘਰੋ ਘਰੀ ਜਾਂ ਨਵੀਂ ਸਰਕਾਰ ਹੋਈ।
ਅਸ਼ਰਾਫ਼ ਖ਼ਰਾਬ ਕਮੀਨ ਤਾਜ਼ੇ, ਜ਼ਿਮੀਂਦਾਰ ਨੂੰ ਵੱਡੀ ਬਹਾਰ ਹੋਈ।
ਚੋਰ ਚੌਧਰੀ ਯਾਰਨੀ ਪਾਕ ਦਾਮਨ, ਭੂਤ ਮੰਡਲੀ ਇੱਕ ਥੀਂ ਚਾਰ ਹੋਈ।
ਵਾਰਿਸ ਸ਼ਾਹ ਜਿਨ੍ਹਾਂ ਕਿਹਾ ਪਾਕ ਕਲਮਾ, ਬੇੜੀ ਤਿਨ੍ਹਾਂ ਦੀ ਆਕਬਤ ਪਾਰ ਹੋਈ।[21]

ਅਸੀਂ ਦੇਖਦੇ ਹਾਂ ਕਿ ਅਠਾਰਵੀਂ ਸਦੀ ਵਿਚ ਸਿੱਖ ਧਰਮ ਪੰਜਾਬ ਵਿਚ ਤਾਕਤਵਰ ਧਿਰ ਵਜੋਂ ਸਥਾਪਤ ਹੋ ਰਿਹਾ ਸੀ। ਵਾਰਿਸ ਸ਼ਾਹ ਸਿੱਖ ਧਰਮ ਬਾਰੇ ਉਪਰੋਕਤ ਟਿੱਪਣੀ ਤੋਂ ਇਲਾਵਾ ਕਿਸੇ ਵੀ ਹੋਰ ਤਰਾਂ ਦਾ ਵੇਰਵਾ ਨਹੀਂ ਦਿੰਦਾ। ਇਹ ਟਿੱਪਣੀ ਵੀ ਨਕਾਰਤਮਕ ਹੈ। ਘਰੋ ਘਰੀ ਸਰਕਾਰ ਦਾ ਇਸ਼ਾਰਾ ਮਿਸਲਾਂ ਵੱਲ ਹੈ। ਇਹ ਟਿੱਪਣੀ ਵਿਸ਼ਲੇਸ਼ਣੀ ਜਾਂ ਸਾਵੀਂ ਨਹੀਂ, ਸਗੋਂ ਇਕ ਪਾਸੜ ਹੈ। ਇਹ ਨਜ਼ਰੀਆ ਗੈਰ ਵਾਜਿਬ ਜਾਪਦਾ ਹੈ। ਵਾਰਿਸ ਸ਼ਾਹ ਦਾ ਸਿੱਖ ਧਰਮ ਬਾਰੇ ਕੋਈ ਜ਼ਿਕਰ ਨਾ ਕਰਨਾ ਵੀ ਕੁਝ ਚਿਹਨਤ ਕਰਦਾ ਹੈ ਇਸ ਦੇ ਕਈ ਪੱਖ ਹੋ ਸਕਦੇ ਹਨ। ਪਹਿਲਾ ਤਾਂ ਇਹ ਕਿ ਉਸ ਸਮੇਂ ਤੱਕ ਸਿੱਖ ਧਰਮ ਦਾ ਸੰਸਥਾਗਤ ਚੌਖਟਾ ਦਿਖਣਾ ਹੀ ਨਹੀਂ ਸ਼ੁਰੂ ਹੋਇਆ ਸੀ ਦੂਜਾ ਇਹ ਵਾਰਿਸ ਸ਼ਾਹ ਇਸ ਤੋਂ ਅਵੇਸਲਾ ਸੀ ਜੋ ਕਿ ਮੁਮਕਿਨ ਨਹੀਂ ਜਾਪਦਾ ਕਿਉਂਕਿ ਪੰਜਾਬ ਦੇ ਸਮਾਜਿਕ ਚੌਖਟੇ ਬਾਰੇ ਉਹ ਆਪਣੀਆਂ ਵਿਸਤ੍ਰਿਤ ਟਿੱਪਣੀਆਂ ਦਿੰਦਾ ਹੈ। ਜਾਂ ਤੀਜਾ ਪੱਖ ਇਹ ਵੀ ਹੋ ਸਕਦਾ ਹੈ ਕਿ ਵਾਰਿਸ਼ ਸ਼ਾਹ ਜਾਣਬੁੱਝ ਕਿ ਸਿੱਖਾਂ ਦੀ ਸਥਿਤੀ ਨੂੰ ਅਣਗੌਲ਼ਿਆਂ ਕਰਦਾ ਹੈ। ਕੁਝ ਵੀ ਹੋ ਸਕਦਾ ਹੈ ਪਰ ਇਹ ਪ੍ਰਤੱਖ ਹੈ ਕਿ ਹੀਰ ਦੇ ਪਾਠ ਵਿਚ ਸਿੱਖ ਧਰਮ ਦਾ ਜ਼ਿਕਰ ਗੈਰ ਹਾਜਰ ਹੈ।

ਇਸ ਤਰਾਂ ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਵਾਰਿਸ ਸ਼ਾਹ ਦੇ ਸਮੁੱਚੇ ਕਿੱਸੇ ਵਿਚ ਸੰਸਥਾਗਤ ਧਰਮ ਦੀ ਪੇਸ਼ਕਾਰੀ ਸਮੇਂ ਪੱਖ ਅਤੇ ਵਿਰੋਧ ਦੀਆਂ ਦਲੀਲਾਂ ਉਸਦਾ ਹਾਸਿਲ ਬਣਦੀਆਂ ਹਨ। ਪਰ ਇਹ ਵੀ ਸਪੱਸ਼ਟ ਹੈ ਕਿ ਇਸਲਾਮ ਦੀ ਪੇਸ਼ਕਾਰੀ ਸਮੇਂ ਉਹ ਸਿਧਾਂਤ ਦੀ ਬਜਾਇ ਉਸਦੇ ਅਮਲ ਨੂੰ ਹੀ ਕਟਹਿਰੇ ਵਿਚ ਖੜ੍ਹਾ ਕਰਦਾ ਹੈ ਜਦਕਿ ਨਾਥ ਪ੍ਰੰਪਰਾ ਦੇ ਦੀ ਪੇਸ਼ਕਾਰੀ ਸਮੇਂ ਉਸਦੇ ਸਿਧਾਂਤ ਨੂੰ ਕਾਟੇ ਹੇਠ

[19] ਹੀਰ ਵਾਰਿਸ ਸ਼ਾਹ, ਬੰਦ 279

[20] ਹੀਰ ਵਾਰਿਸ ਸ਼ਾਹ, ਬੰਦ 281

[21] ਹੀਰ ਵਾਰਿਸ ਸ਼ਾਹ, ਬੰਦ 624

ਲੈਦਾ ਹੈ। ਇਸੇ ਦੋਰਾਨ ਜਦ ਸਿੱਖ ਧਰਮ ਬਾਰੇ ਉਹ ਕੁਝ ਚਲਵੀਆਂ ਟਿੱਪਣੀਆਂ ਤੋਂ ਇਲਾਵਾ ਖਾਸ ਜ਼ਿਕਰ ਨਹੀਂ ਕਰਦਾ।

## ਸਹਾਇਕ ਪੁਸਤਕ ਸੂਚੀ


1. ਐਮ. ਮੈਕਸਮੁਲ਼ਰ, ਧਰਮ ਦੀ ਉਤਪਤੀ ਤੇ ਵਿਕਾਸ (ਅਨੁ. ਤਾਰਨ ਸਿੰਘ), ਪਬਲੀਕੇਸ਼ਨ ਬਿਓਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002
2. ਹੀਰ ਵਾਰਿਸ ਸ਼ਾਹ, (ਸੰਪਾਦਕ ਪ੍ਰੋ. ਪਿਆਰਾ ਸਿੰਘ ਪਦਮ), ਨਵਯੁਗ ਪਬਲਿਸ਼ਰਜ, ਨਵੀਂ ਦਿੱਲੀ, 2004
3. ਖਹਿਰਾ, ਭੁਪਿੰਦਰ ਸਿੰਘ, ਲੋਕਧਾਰਾ ਭਾਸ਼ਾ ਅਤੇ ਸੱਭਿਆਚਾਰ, ਪੈਪਸੂ ਬੁੱਕ ਡਿਪੂ, ਬੁੱਕਸ ਮਾਰਕਿਟ, ਪਟਿਆਲਾ, 2013
4. ਘੁੰਮਣ, ਬਿਕਰਮ ਸਿੰਘ, ਪੰਜਾਬੀ ਕਿੱਸਾ ਕਾਵਿ: ਸਿਧਾਂਤ, ਸਰੂਪ ਤੇ ਵਿਕਾਸ, ਵਾਰਿਸ ਸ਼ਾਹ ਫਾਊਂਡੇਸ਼ਨ, ਅਮ੍ਰਿਤਸਰ. 1998
5. ਜੋਸ਼ੀ. ਡਾ. ਜੀਤ ਸਿਮਘ, ਸੱਭਿਆਚਾਰ ਅਤੇ ਲੋਕਧਾਰਾ ਦੇ ਮੂਲ ਸਰੋਕਾਰ, ਲਹੌਰ ਬੁੱਕ ਸ਼ਾਪ, ਲੁਧਿਆਣਾ, 2014
6. ਪੰਜਾਬੀ ਦੁਨੀਆ(ਅੰਕ_ਅਕਤੂਬਰ-ਦਸੰਬਰ 2022), ਮੁੱਖ ਸੰਪਾਦਕ ਵੀਰਪਾਲ ਕੌਰ, ਭਾਸ਼ਾ ਵਿਭਾਗ ਪੰਜਾਬ
7. Thomas F. O'Dea and J. Milton Yinger, Five Dilemmas in the Institutionalization of Religion, Journal for the Scientific Study of Religion. 1961 Oct1(1):30-41. Wiley Publishing Company.
8. https://www.punjabi-kavita.com/HeerWarisShah.php